**ਪੰਜਾਬ ਸਰਕਾਰ**

**ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ**

**(ਸੋਧ ਪੱਤਰ)**

ਸੇਵਾ ਵਿਖੇ

ਰਾਜ ਦੇ ਸਮੂਹ ਪ੍ਰਾਇਵੇਟ ਕਾਲਜਾਂ ਦੇ ਪ੍ਰਿੰਸੀਪਲ ਸਹਿਬਾਨ ।

ਮੀਮੋ ਨੰ: DFIHE-COLG0NOC/2/2022-COLLEGE EDUCATION-DPI-HIGHER EDUCATION / 230

ਮਿਤੀ ਐਸ.ਏ.ਐਸ ਨਗਰ 9/2/2022

**ਵਿਸ਼ਾ:- ਪ੍ਰਾਇਵੇਟ ਕਾਲਜਾਂ ਨੂੰ ਐਨ.ਓ.ਸੀ ਜਾਰੀ ਕਰਨ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਸਰਕਾਰ ਵਲੋਂ ਆਪ ਦੇ ਕਾਲਜ ਨੂੰ ਖੋਲਣ ਲਈ ਇਤਰਾਜਹੀਣਤਾ ਸਰਟੀਫਿਕੇਟ ਹੇਠ ਦਰਸਾਈਆ ਸ਼ਰਤਾਂ ਅਧੀਨ ਦਿੱਤਾ ਗਿਆ ਸੀ:-

1. ਨਵੇਂ ਵਿਸ਼ੇ/ਕੋਰਸ ਚਾਲੂ ਕਰਨ ਉੱਤੇ ਜੋ ਖਰਚ ਆਵੇਗਾ, ਉਸ ਸਬੰਧੀ ਕਾਲਜ ਦੀ ਪ੍ਰਬੰਧਕੀ ਕਮੇਟੀ ਆਪਣੇ ਵਸੀਲਿਆ ਤੋਂ ਸਹਿਣ ਕਰੇਗੀ ਅਤੇ ਇਸ ਖਰਚੇ ਬਾਰੇ ਸਰਕਾਰ ਦੀ ਕਿਸੇ ਤਰ੍ਹਾਂ ਦੀ ਕੋਈ ਜਿੰਮੇਵਾਰੀ ਨਹੀ ਹੋਵੇਗੀ।
2. ਸਬੰਧਤ ਯੂਨੀਵਰਸਿਟੀ ਵਲੋਂ ਭੇਜੀ ਗਈ ਨਿਰੀਖਣ ਕਮੇਟੀ ਦੀ ਰਿਪੋਰਟ ਹਾਂ ਪੱਖੀ ਹੋਣੀ ਚਾਹੀਦੀ ਹੈ।
3. ਨਵੇਂ ਵਿਸ਼ਿਆ/ਕੋਰਸਾਂ ਵਿਚ ਦਾਖਲੇ ਅਤੇ ਵਿਦਿਆਰਥੀਆਂ ਦੀ ਗਿਣਤੀ ਯੂਨੀਵਰਸਿਟੀ ਦੀ ਨਿਰੀਖਣ ਕਮੇਟੀ ਵਲੋ ਨਿਸਚਿਤ ਕੀਤੀ ਜਾਵੇਗੀ।
4. ਨਵੇਂ ਵਿਸ਼ਿਆ/ਕੋਰਸਾਂ ਨੂੰ ਚਾਲੂ ਕਰਨ ਲਈ ਯੂਨੀਵਰਸਿਟੀ ਵਲੋਂ ਤਾਂ ਹੀ ਆਗਿਆ ਦਿੱਤੀ ਜਾਵੇਗੀ ਜੇਕਰ ਸਬੰਧਤ ਵਿਸ਼ੇ/ਕੋਰਸ ਸਬੰਧੀ ਲੋੜੀਂਦਾ ਅਧਿਆਦੇਸ਼ ਅਤੇ ਸਿਲੇਬਸ ਤਿਆਰ ਕੀਤਾ ਜਾਵੇਗਾ।
5. ਇਸ ਸਬੰਧਤਾ ਬਾਰੇ ਕਾਲਜ ਯੂਨੀਵਰਸਿਟੀ ਵਲੋਂ ਲਗਾਈਆ ਸ਼ਰਤਾ ਨੂੰ ਪੂਰਾ ਕਰੇਗਾ ਅਤੇ ਹੋਰ ਸਹੂਲਤਾ ਯੂ.ਜੀ.ਸੀ, ਸਰਕਾਰ ਅਤੇ ਯੂਨੀਵਰਸਿਟੀ ਵਲੋਂ ਨਿਸਚਿਤ ਕੀਤੇ ਪੱਧਰ ਅਨੁਸਾਰ ਮੁਹਈਆ ਕਰਵਾਏਗਾ।
6. ਕਾਲਜ ਲਈ ਜਮੀਨ, ਬਿਲਡਿੰਗ, ਲਾਇਬ੍ਰੇਰੀ, ਸਾਜੋ ਸਾਮਾਨ ਅਤੇ ਸੰਸਥਾ ਚਲਾਉਣ ਲਈ ਫੰਡਾਂ ਦਾ ਉਪਬੰਧ ਸੰਸਥਾ ਆਪਦੇ ਪੱਧਰ ਤੇ ਸਰਕਾਰ ਦੀ ਸਹਾਇਤਾਂ ਤੋਂ ਬਿਨ੍ਹਾਂ ਕਰੇਗੀ।
7. ਸੰਸਥਾ ਵਲੋਂ ਕਾਲਜ ਸ਼ੁਰੂ ਕਰਨ ਤੋਂ ਪਹਿਲਾਂ ਯੂਨੀਵਰਸਿਟੀ ਪਾਸੋਂ ਐਫੀਲੇਸ਼ਨ ਪ੍ਰਾਪਤ ਕਰਨੀ ਯਕੀਨੀ ਬਣਾਈ ਜਾਵੇਗੀ।
8. ਸਬੰਧਤ ਸੁਸਾਇਟੀ/ਕਾਲਜ ਆਪਣੀ ਮੈਨੇਜਮੈਂਟ, ਸਟਾਫ ਜਾਂ ਕਿਸੇ ਹੋਰ ਏਜੰਸੀ ਨਾਲ ਨਿੱਜੀ ਮੁਕੱਦਮੇਬਾਜੀ ਵਿਚ ਸਰਕਾਰ ਨੂੰ ਸ਼ਾਮਿਲ ਨਹੀ ਕਰਨਗੇ।
9. ਇਹ ਪ੍ਰਵਾਨਗੀ ਆਰਜੀ ਹੋਵੇਗੀ।

ਇਹਨਾਂ ਸ਼ਰਤਾਂ ਵਿਚ ਸੋਧ ਕਰਦੇ ਹੋਏ ਇਸ ਵਿਚ ਹੇਠ ਲਿਖੇ ਅਨੁਸਾਰ ਇੱਕ ਹੋਰ ਸ਼ਰਤ ਸ਼ਾਮਿਲ ਕੀਤੀ ਜਾਂਦੀ ਹੈ:-

*"ਵਿਭਾਗ/ ਸਰਕਾਰ ਵਲੋਂ ਜਦੋਂ ਵੀ ਕੋਈ ਹਦਾਇਤਾਂ ਜਾਰੀ ਕੀਤੀਆ ਜਾਂਦੀਆ ਹਨ ਤਾਂ ਉਹਨਾ ਦੀ ਇੰਨ ਬਿੰਨ ਪਾਲਣਾਂ ਕਰਨੀ ਯਕੀਨੀ ਬਣਾਈ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿਚ ਆਪ ਦੇ ਕਾਲਜ ਨੂੰ ਜਾਰੀ ਇਤਰਾਜਹੀਣਤਾ ਸਰਟੀਫਿਕੇਟ ਰੱਦ ਕਰ ਦਿੱਤਾ ਜਾਵੇਗਾ।"*

**ਪ੍ਰਮੁੱਖ ਸਕੱਤਰ ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ**

Scanned with CamScanner